**Directorate of Education, GNCT of Delhi**

**Practice Paper**

**Mid Term**

**CLASS-XI (2022-23)**

**Punjabi (104)**

**ਸਮਾਂ-ਤਿੰਨ ਘੰਟੇ** **ਕੁੱਲ ਅੰਕ- 80**

**ਆਮ ਨਿਰਦੇਸ਼**

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਪਾਲਣ ਕਰੋ :**

- **ਸਾਰੇ ਪ੍ਰਸ਼ਨ ਲਾਜ਼ਮੀ ਹਨ।**
- **ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕਰੋ।**
- **ਲਿਖਾਈ ਸਾਫ਼ ਅਤੇ ਸ਼ੁੱਧ ਲਿਖੋ।**
- **ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ ਸ਼ੀਟ 'ਤੇ ਲਿਖਿਆ ਜਾਵੇ।**

**ਭਾਸ਼ਾ**

## (ਅਡਵਾਂਸ ਪੜ੍ਹਨ ਕੌਸ਼ਲ)

1. **ਹੇਠ ਦਿੱਤੇ ਵਾਰਤਕ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ- (5x1=5)**

ਮੰਨਿਆ ਜਾਂਦਾ ਹੈ ਕਿ ਮਾਂ ਦੀ ਕੁੱਖ ਤੋਂ ਹੀ ਬੱਚੇ ਦੀ ਸਿੱਖਣ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ,ਸੋ ਬੱਚਿਆਂ ਪ੍ਰਤੀ ਮਾਤਾ-ਪਿਤਾ ਦੀ ਜ਼ਿੰਮੇਵਾਰੀ ਵੀ ਉਦੋਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਘਰ-ਪਰਿਵਾਰ ਦੇ ਵਾਤਾਵਰਨ ਤੇ ਮਾਤਾ-ਪਿਤਾ ਦੀ ਸਮੁੱਚੀ ਸਖਸ਼ਿਅਤ ਦਾ ਅਸਰ ਬੱਚੇ ਦੇ ਜੀਵਨ ਉੱਪਰ ਪੈਂਦਾ ਹੈ। ਕਿਸੇ ਮਨੋਵਿਗਿਆਨੀ ਨੇ ਕਿਹਾ ਕਿ ਕਿਸੇ ਵੀ ਬੱਚੇ ਦੇ ਪਹਿਲੇ ਪੰਜ ਸਾਲ ਬਹੁਤ ਮਹੱਤਵਪੂਰਨ ਹੁੰਦੇ ਹਨ ਅਤੇ ਪਹਿਲੇ ਪੰਜ ਸਾਲ ਦਾ ਅਸਰ ਉਸਦੀ ਸਮੁੱਚੀ ਸਖਸ਼ਿਅਤ ਵਿੱਚੋਂ ਝਲਕਦਾ ਹੈ। ਅਜੋਕੇ ਦੌਰ ਦੇ ਦੌੜ ਭੱਜ ਵਾਲੇ ਜੀਵਨ ਵਿੱਚ ਬੱਚਿਆਂ ਨੂੰ ਗੁਣਵੱਤਾ ਭਰਪੂਰ ਸਮਾਂ ਦੇਣਾ ਮਾਪਿਆਂ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਖਾਸ ਕਰਕੇ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਮਾਪਿਆਂ ਲਈ ਹੋਰ ਵੀ ਮੁਸ਼ਕਿਲ ਹੈ ਕਿਉਂਕਿ ਮਾਤਾ-ਪਿਤਾ ਸਾਹਮਣੇ ਚੁਣੌਤੀ ਹੁੰਦੀ ਹੈ ਕਿ ਬੱਚੇ ਨੂੰ ਰੋਜ਼ ਮਰਾ ਦੇ ਰੁਟੀਨ ਦੀ ਪਾਲਣਾ ਕਿਵੇਂ ਕਰਵਾਈ ਜਾਵੇ। ਪੌਸ਼ਟਿਕ ਖੁਰਾਕ ਖਾਣ ਲਈ ਤੇ ਤੰਦਰੁਸਤ ਰਹਿਣ ਲਈ , ਉਸਨੂੰ ਸੁਣਨ ਲਈ, ਸਵੈ ਵਿਸ਼ਵਾਸ , ਨੈਤਿਕ ਕਦਰਾਂ ਕੀਮਤਾਂ ਦੇ ਮੁੱਲਾਂ , ਸਮਾਜਕ ਵਿਹਾਰ, ਆਪਣੀ ਅਧਿਐਨ ਪ੍ਰਕਿਰਿਆ ਨੂੰ ਕਿਵੇਂ ਅਨੰਦਮਈ ਬਣਾਵੇ, ਕਿਵੇਂ ਇੱਕ ਖੁਸ਼ ਦਿਲ ਬੱਚੇ ਦੀ ਸਖਸ਼ਿਅਤ ਤਿਆਰ ਕੀਤੀ ਜਾਵੇ?

**(ੳ)** ਬੱਚਿਆਂ ਪ੍ਰਤੀ ਮਾਪਿਆਂ ਦੀ ਜਿੰਮੇਵਾਰੀ ਕਦੋਂ ਤੋਂ ਸ਼ੁਰੂ ਹੋ ਜਾਂਦੀ ਹੈ?

**(ਅ)** ਬੱਚੇ ਦੇ ਜੀਵਨ ਉੱਪਰ ਕਿਸ ਦਾ ਅਸਰ ਪੈਂਦਾ ਹੈ?

**(ੲ)** ਕਿਸੇ ਵੀ ਬੱਚੇ ਦਾ ਕਿਹੜਾ ਸਮਾਂ ਮਹੱਤਵਪੂਰਨ ਹੁੰਦਾ ਹੈ?

**(ਸ)** ਅਜੋਕੇ ਦੌੜ-ਭੱਜ ਵਾਲੇ ਜੀਵਨ ਵਿੱਚ ਮਾਪਿਆਂ ਸਾਹਮਣੇ ਕੀ ਚੁਣੌਤੀ ਹੈ?

**(ਹ)** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ?

**(ਪ੍ਰਭਾਵਸ਼ਾਲੀ ਲਿਖਣ-ਕੌਸ਼ਲ)**

**2. ਅਖਬਾਰਾਂ ਦੇ ਸੰਪਾਦਕ ਨੂੰ ਪੱਤਰ (ਕੋਈ ਇੱਕ)** **8**

ਅਜੋਕੇ ਸਮੇਂ ਵਿੱਚ ਗੀਤ-ਸੰਗੀਤ ਦੇ ਨਾਮ 'ਤੇ ਪਰੋਸੀ ਜਾ ਰਹੀ ਅਸ਼ਲੀਲਤਾ ਅਤੇ ਹਿੰਸਾ ਦੀ ਸਮੱਸਿਆ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

ਜਾਂ

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ 'ਸੜਕਾਂ ਅਤੇ ਦੁਰਘਟਨਾਵਾਂ' ਸੰਬੰਧੀ ਪੱਤਰ ਲਿਖੋ।

**3. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200-250 ਸ਼ਬਦਾਂ 'ਚ ਲੇਖ ਲਿਖੋ-** **12**

``ਸਮਾਜ ਵਿੱਚ ਘਟਦਾ ਜਾ ਰਿਹਾ ਬਜ਼ੁਰਗਾਂ ਦਾ ਸਤਿਕਾਰ''

ਜਾਂ

''ਵੱਧ ਰਿਹਾ ਔਨ ਲਾਈਨ ਖਰੀਦਦਾਰੀ ਦਾ ਰੁਝਾਨ''

**(ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ)**

**4. ਹੇਠ ਲਿਖਿਆਂ ਵਿੱਚੋਂ ਪੰਜ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ-** **5x1=5**

Action, Balance, Urgent, Calculation, Daily wage, Estimate, Pending

**5. ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਵਲੀ-**

**(ਹੇਠ ਲਿਖਿਆਂ ਵਿੱਚੋਂ ਪੰਜ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ)** **5x1=5**

Earthquake, Client, Imagination, Lease, Tenant, Volcano, Xerox

6. ਬੈਂਕ, ਰੇਲਵੇ, ਡਾਕ, ਬੀਮਾ ਸੇਵਾਵਾਂ ਤੇ ਕੰਪਿਊਟਰ ਨਾਲ ਸੰਬੰਧਿਤ ਵਾਕ-

4x2=8

ਹੇਠ ਲਿਖੇ ਅੰਗਰੇਜ਼ੀ ਵਾਕਾਂ ਵਿੱਚੋਂ ਕਿਸੇ ਚਾਰ ਦਾ ਪੰਜਾਬੀ ਵਿੱਚ ਅਨੁਵਾਦ ਕਰੋ-

i) Payment can be made in cash or by cheque.

ii) Address must be written on this side only.

iii) Policy holder has to submit proof of residence, Identity card and age at the time of taking policy.

iv) Hard disk is the data storage device of the computer.

v) Always shut down computer properly.

**7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਪੰਜ ਦੇ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ-** **5x1=5**

ਉਂਗਲਾਂ ਤੇ ਨਚਾਉਣਾ , ਫੁੱਲਾਂ ਵਾਂਗ ਰੱਖਣਾ, ਖੇਹ ਉਡਾਉਣੀ, ਅੱਖਾਂ ਉੱਤੇ ਬਿਠਾਉਣਾ, ਬਾਤ ਪੁੱਛਣੀ, ਹਵਾ ਦੇ ਘੋੜੇ ਸਵਾਰ ਰਹਿਣਾ,ਕਿਤਾਬੀ ਕੀੜਾ ਹੋਣਾ

8. ਤੁਸੀਂ ਆਪਣੀ ਕਾਰ ਵੇਚਣਾ ਚਾਹੁੰਦੇ ਹੋ ਇਸ ਸੰਬੰਧੀ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ। 7

ਜਾਂ

ਆਪਣੇ ਨਵੇਂ ਖੋਲੇ ਕੰਪਿਊਟਰ ਸੈਂਟਰ ਸੰਬੰਧੀ ਲੋਕਾਂ ਨੂੰ ਦੱਸਣ ਲਈ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।

## (ਪੰਜਾਬੀ ਲੋਕ-ਸਾਹਿਤ)

9. ਲੋਕ-ਗੀਤਾਂ (ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ) ਵਿੱਚੋਂ ਚੋਣਵੀਆਂ ਸਤਰਾਂ ਉੱਤੇ ਆਧਾਰਿਤ ਕੋਈ ਚਾਰ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਓ| 4x1=4

I. ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ|

ਪ੍ਰਸ਼ਨ-'ਚੜ੍ਹ ਚੁਬਾਰੇ ਸੁੱਤਿਆ' ਤੋਂ ਕੀ ਭਾਵ ਹੈ?

II. ਮੈਂ ਤਾਂ ਖੜੀ ਸਾਂ ਬਾਬਲ ਜੀ ਬਾਰ,

ਬਾਬਲ ਵਰ ਲੋੜੀਏ।

ਪ੍ਰਸ਼ਨ- ਬਾਬਲ ਦੇ ਬਾਰ ਵਿੱਚ ਖੜੀ ਬੇਟੀ ਕੀ ਮੰਗਦੀ ਹੈ?

III ਆ ਵੇ ਬੰਨਾ, ਲਾ ਸ਼ਗਨਾਂ ਦੀ ਮਹਿੰਦੀ|

ਮਹਿੰਦੀ ਦਾ ਰੰਗ ਸੂਹਾ ਲਾਲ

ਪ੍ਰਸ਼ਨ- ਮਹਿੰਦੀ ਦਾ ਰੰਗ ਕਿਹੜਾ ਹੈ?

IV ਵਾਹ ਵਾਹ ਨੀ ਚਰਖੇ ਪੀੜ੍ਹੀਆਂ,

ਹੋਰ ਤਾਂ ਕੁੜਮ ਚੰਗਾ ਭਲਾ, ਅੱਖਾਂ ਟੀਰਮ ਟੀਰੀਆਂ।

ਪ੍ਰਸ਼ਨ- ਕਿਸ ਦੀਆਂ ਅੱਖਾਂ ਟੀਰੀਆਂ ਹਨ?

V ਉੱਥੇ ਅਮਲਾਂ ਦੇ ਹੋਣਗੇ ਨਿਬੇੜੇ,

ਜਾਤ ਕਿਸੇ ਪੁੱਛਣੀ ਨਹੀਂ|

ਪ੍ਰਸ਼ਨ- ਅਮਲਾਂ ਦੇ ਨਿਬੇੜੇ ਕਿੱਥੇ ਹੁੰਦੇ ਹਨ?

10. ਲੋਕ-ਗੀਤਾਂ (ਬੋਲੀਆਂ, ਢੋਲਾ, ਮਾਹੀਆ, ਬੁਝਾਰਤਾਂ) ਵਿੱਚੋਂ ਚੋਣਵੀਆਂ ਸਤਰਾਂ ਉੱਤੇ ਆਧਾਰਿਤ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ| 4x1=4

I ਸਾਡੇ ਪਿੰਡ ਦੇ ਮੁੰਡੇ ਵੇਖ ਲਓ,

ਜਿਉਂ ਟਾਹਲੀ ਦੇ ਪਾਵੇ|

ਪ੍ਰਸ਼ਨ-ਪਿੰਡ ਦੇ ਮੁੰਡੇ ਕਿਸ ਤਰ੍ਹਾਂ ਮਜ਼ਬੂਤ ਹਨ?

II ਗੋਰੀ ਦੇ ਪੈਰੀਂ ਕਾਢਵੀਂ ਜੁੱਤੀ,

ਰੱਖਦੀ ਪੱਬ ਮਰੋੜ ਕੇ|

ਪ੍ਰਸ਼ਨ-ਗੋਰੀ ਦੇ ਪੈਰੀਂ ਕਿਸ ਕਿਸਮ ਦੀ ਜੁੱਤੀ ਪਾਈ ਹੋਈ ਹੈ?

III ਕੋਠੇ 'ਤੇ ਕਾਂ ਬੋਲੇ|

ਚਿੱਠੀ ਮੇਰੇ ਮਾਹੀਏ ਦੀ,ਵਿੱਚ ਮੇਰਾ ਨਾਂ ਬੋਲੇ

ਪ੍ਰਸ਼ਨ-ਕੋਠੇ ਉੱਤੇ ਕਿਹੜਾ ਪੰਛੀ ਬੋਲਦਾ ਹੈ?

IV ਹੇਠ ਲਿਖੀ ਬੁਝਾਰਤ ਬੁਝੋ ਅਥਵਾ ਉੱਤਰ ਦਿਓ|

ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ

V ਚੋਰ ਦਾ ਦੁਸ਼ਮਣ,ਬੰਦੇ ਦਾ ਯਾਰ|

ਪੀਵੇ ਇਹ ਦੁੱਧ,ਮਾਰੇ ਸ਼ਿਕਾਰ|

11. ਲੋਕ-ਗੀਤਾਂ ਤੇ ਆਧਾਰਿਤ 40-50 ਸ਼ਬਦਾਂ ਵਿੱਚ ਛੋਟੇ ਉੱਤਰ ਵਾਲੇ ਪ੍ਰਸ਼ਨ (ਕੋਈ ਤਿੰਨ) 3x3=9

I 'ਦੇਈਂ-ਦੇਈਂ ਵੇ ਬਾਬਲਾ' ਸੁਹਾਗ ਵਿੱਚ ਕੁੜੀ ਕਿਹੋ ਜਿਹਾ ਸੱਸ-ਸਹੁਰਾ ਚਾਹੁੰਦੀ ਹੈ?

II ਲੋਕ-ਗੀਤ 'ਘੋੜੀ' ਕੀ ਹੁੰਦੀ ਹੈ ਅਤੇ ਕਿਸ ਸਮੇਂ ਗਾਈ ਜਾਂਦੀ ਹੈ?

III ਸਿੱਠਣੀਆਂ ਕਿਹੜੇ ਮੌਕੇ ਉੱਤੇ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

IV 'ਮਹਿੰਦੀ-ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਮਹਿੰਦੀ ਪ੍ਰਾਪਤ ਕਰਨ ਤੋਂ ਲੈ ਕੇ ਇਸ ਨੂੰ ਲਾਉਣ ਅਤੇ ਲਾਹੁਣ ਤੱਕ ਕੀ ਦੱਸਿਆ ਗਿਆ ਹੈ?

12. ਦੰਤ ਕਥਾਵਾਂ ਅਤੇ ਪ੍ਰੀਤ ਕਥਾਵਾਂ 'ਤੇ ਆਧਾਰਿਤ 25-30 ਸ਼ਬਦਾਂ ਵਿੱਚ ਛੋਟੇ ਉੱਤਰ ਵਾਲੇ ਪ੍ਰਸ਼ਨ (ਕੋਈ ਚਾਰ) 4x2=8

I ਲੂਣਾ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਾਈ?

II ਰਾਜਾ ਸਲਵਾਨ ਨੇ ਰਸਾਲੂ ਨੂੰ ਦੇਸ਼ ਨਿਕਾਲਾ ਕਿਉਂ ਦੇ ਦਿੱਤਾ?

III ਰਾਜਾ ਰਸਾਲੂ ਕਿਹੋ ਜਿਹੇ ਵਿਅਕਤੀਤਵ ਦਾ ਮਾਲਕ ਸੀ?

IV ਰਾਂਝੇ ਦੀ ਹੀਰ ਨਾਲ ਪਹਿਲੀ ਮੁਲਾਕਾਤ ਕਿਵੇ ਹੋਈ?

V ਰਾਂਝਾ, ਬਾਲ ਨਾਥ ਜੋਗੀ ਕੋਲ ਕਿਵੇਂ ਪਹੁੰਚਿਆ?